# 2020 ਵਿੱਚ ਭਾਰਤ ਦਾ ਕਣਕ ਦਾ ਔਸਤ ਝਾੜ ਜਰਮਨੀ ਨਾਲੋਂ 56% ਘੱਟ

2020 ਹਾੜ੍ਹੀ ਫਸਲੀ ਸਾਲ ਦੌਰਾਨ ਭਾਰਤ ਵਿੱਚ ਕਣਕ ਦਾ ਔਸਤ ਝਾੜ ਜਰਮਨੀ ਦੇ ਮੁਕਾਬਲੇ 43.88% ਸੀ, ਜਿਸ ਨੇ ਦੁਨੀਆ ਵਿੱਚ ਸਭ ਤੋਂ ਵੱਧ ਉਤਪਾਦਕਤਾ ਦਰਜ ਕੀਤੀ। ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਆਪਣੀ 'ਹਾੜ੍ਹੀ ਦੀਆਂ ਫ਼ਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2023-24' ਵਿੱਚ ਕਿਹਾ ਹੈ ਕਿ ਖੁਰਾਕ ਅਤੇ ਖੇਤੀਬਾੜੀ ਸੰਗਠਨ ਕਾਰਪੋਰੇਟ ਅੰਕੜਾ ਡਾਟਾਬੇਸ (ਐਫ ਏ ਓ ਐਸ ਟੀ ਏ ਟੀ) ਦੇ ਅੰਕੜਿਆਂ ਮੁਤਾਬਿਕ, ਭਾਰਤ ਦੇ 3,431.1 ਕਿਲੋ ਪ੍ਰਤੀ ਹੈਕਟੇਅਰ ਦੇ ਮੁਕਾਬਲੇ 2020 ਵਿੱਚ ਜਰਮਨੀ ਨੇ ਕਣਕ ਦਾ 7,819.5 ਕਿਲੋ ਪ੍ਰਤੀ ਹੈਕਟੇਅਰ ਔਸਤ ਝਾੜ ਦਰਜ ਕੀਤਾ।

2020 ਦੌਰਾਨ, ਦੁਨੀਆ ਵਿੱਚ ਕਣਕ ਦਾ ਔਸਤ ਝਾੜ 3,474 ਕਿਲੋ ਪ੍ਰਤੀ ਹੈਕਟੇਅਰ ਸੀ ਜਿਹੜਾ ਭਾਰਤ ਦੇ ਮੁਕਾਬਲੇ ਥੋੜ੍ਹਾ ਵੱਧ ਸੀ। ਐਫ ਏ ਓ ਐਸ ਟੀ ਏ ਟੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲੇ ਦੇ ਦੌਰਾਨ ਦੁਨੀਆ ਦੀ ਕਣਕ ਦੀ ਪੈਦਾਵਾਰ ਵਿੱਚ ਭਾਰਤ ਦਾ 14.14% ਯੋਗਦਾਨ ਸੀ।

ਸੀ ਏ ਸੀ ਪੀ ਨੇ ਕਿਹਾ, "ਇਹ ਗੱਲ ਹੌਸਲਾ ਦੇਣ ਵਾਲੀ ਹੈ ਕਿ ਕਣਕ, ਜੌਂ ਅਤੇ ਛੋਲਿਆਂ ਦਾ ਕੁੱਲ ਭਾਰਤੀ ਔਸਤ ਝਾੜ ਲਗਭਗ 2020 ਵਿੱਚ ਦੁਨੀਆ ਦੀ ਔਸਤ ਦੇ ਸਮਾਨਾਂਤਰ ਚੱਲਿਆ ਹੈ।" ਕਮਿਸ਼ਨ ਨੇ ਕਿਹਾ, ਹਾਲਾਂਕਿ, ਕਣਕ, ਜੌਂ ਅਤੇ ਛੋਲਿਆਂ ਦੇ ਦੁਨੀਆ ਦੇ ਸਭ ਤੋਂ ਵੱਧ ਝਾੜ ਵਾਲੇ ਦੇਸ਼ਾਂ ਅਤੇ ਭਾਰਤ ਦੇ ਝਾੜ ਦੇ ਪੱਧਰ ਕਾਫ਼ੀ ਫ਼ਰਕ ਦੇਖਿਆ ਜਾ ਸਕਦਾ ਹੈ।

ਸੀ ਏ ਸੀ ਪੀ ਨੇ 2023-24 ਲਈ ਆਪਣੀ ਹਾੜ੍ਹੀ ਮੁੱਲ ਨੀਤੀ ਵਿੱਚ ਜ਼ਿਕਰ ਕੀਤਾ ਹੈ ਕਿ 2020 ਦੌਰਾਨ, ਭਾਰਤ ਵਿੱਚ ਸਭ ਤੋਂ ਵੱਧ ਕਣਕ ਦਾ ਔਸਤ ਝਾੜ ਪੰਜਾਬ ਵਿੱਚ 4,868 ਕਿਲੋ ਪ੍ਰਤੀ ਹੈਕਟੇਅਰ ਦਰਜ ਕੀਤਾ ਗਿਆ ਹੈ। ਇਹ ਜਰਮਨੀ ਦੀ ਦੁਨੀਆ ਦੀ ਸਭ ਤੋਂ ਵੱਧ ਔਸਤ ਪੈਦਾਵਾਰ ਦਾ 62.25% ਸੀ।

ਜੌਂ ਅਤੇ ਛੋਲਿਆਂ ਲਈ ਵੀ ਅਜਿਹਾ ਹੀ ਰੁਝਾਨ ਦੇਖਿਆ ਗਿਆ ਹੈ। ਮਸਰਾਂ ਲਈ, ਕੁੱਲ ਭਾਰਤੀ ਔਸਤ (871.5 ਕਿਲੋ ਪ੍ਰਤੀ ਹੈਕਟੇਅਰ) ਅਤੇ ਦੁਨੀਆ ਦੀ ਔਸਤ (1,305 ਕਿਲੋ ਪ੍ਰਤੀ ਹੈਕਟੇਅਰ) ਵਿਚਕਾਰ ਝਾੜ ਦਾ ਕਾਫ਼ੀ ਅੰਤਰ ਸੀ। "ਇਸ ਤੱਥ ਦੇ ਮੱਦੇਨਜ਼ਰ ਕਿ ਭਾਰਤ ਦੁਨੀਆ ਵਿੱਚ ਦਾਲਾਂ ਦਾ ਮੋਹਰੀ ਖਪਤਕਾਰ ਬਣਿਆ ਹੋਇਆ ਹੈ, ਇਹ ਚਿੰਤਾ

ਦਾ ਖੇਤਰ ਹੈ। ਹਾਲਾਂਕਿ ਪੱਛਮੀ ਰਾਜ ਰਾਜਸਥਾਨ (1,332 ਕਿਲੋ ਪ੍ਰਤੀ ਹੈਕਟੇਅਰ), ਜਿਸ ਨੇ ਮਸਰਾਂ ਲਈ ਸਭ ਤੋਂ ਵੱਧ ਝਾੜ ਦਰਜ ਕੀਤਾ, ਦੁਨੀਆ ਦੀ ਔਸਤ ਤੋਂ ਵੱਧ ਸੀ, ਪਰ ਇਹ ਚੀਨ ਦੀ ਔਸਤ ਪੈਦਾਵਾਰ 2,511.7 ਕਿਲੋ ਪ੍ਰਤੀ ਹੈਕਟੇਅਰ, ਜਿਹੜੀ ਕਿ ਵਿਸ਼ਵ ਦੀ ਸਭ ਤੋਂ ਵੱਧ ਸੀ, ਦਾ ਕਰੀਬ ਅੱਧਾ ਸੀ," ਕਮਿਸ਼ਨ ਨੇ ਆਪਣੀ ਮੁੱਲ ਨੀਤੀ ਵਿੱਚ ਕਿਹਾ।

ਭਾਰਤ ਵਿੱਚ ਤੋਰੀਆ ਦਾ ਸਭ ਤੋਂ ਵੱਧ ਝਾੜ ਹਰਿਆਣਾ (2,028 ਕਿਲੋ ਪ੍ਰਤੀ ਹੈਕਟੇਅਰ) ਵਿੱਚ ਦੇਖਿਆ ਗਿਆ, ਜਿਹੜਾ ਦੁਨੀਆਂ ਵਿੱਚ ਸਭ ਤੋਂ ਵੱਧ ਜਰਮਨੀ ਦੀ ਔਸਤ ਪੈਦਾਵਾਰ ਦਾ 55.1% (3,683.1 ਕਿਲੋ ਪ੍ਰਤੀ ਹੈਕਟੇਅਰ) ਸੀ।

ਕੁਸੰਭਾ ਦਾ ਕੁੱਲ ਭਾਰਤੀ ਔਸਤ ਝਾੜ 514.8 ਕਿਲੋ ਪ੍ਰਤੀ ਹੈਕਟੇਅਰ ਸੀ ਜਿਹੜਾ ਦੁਨੀਆਂ ਦੀ ਔਸਤ 800 ਕਿਲੋ ਪ੍ਰਤੀ ਹੈਕਟੇਅਰ ਦਾ ਸਿਰਫ਼ 64.4% ਸੀ। ਕੁਸੰਭਾ ਦਾ ਸਭ ਤੋਂ ਵੱਧ ਝਾੜ ਤੇਲੰਗਾਨਾ (931 ਕਿਲੋ ਪ੍ਰਤੀ ਹੈਕਟੇਅਰ) ਵਿੱਚ ਦਰਜ ਕੀਤਾ ਗਿਆ, ਜਿਹੜਾ ਦੁਨੀਆ ਦੀ ਸਭ ਤੋਂ ਵੱਧ ਔਸਤ ਪੈਦਾਵਾਰ — ਮੈਕਸੀਕੋ ਦੀ 1721.6 ਕਿਲੋ ਪ੍ਰਤੀ ਹੈਕਟੇਅਰ — ਦਾ 54.1% ਸੀ।

ਸੀ ਏ ਸੀ ਪੀ ਨੇ ਕਿਹਾ ਕਿ ਭਾਰਤ ਵਿੱਚ ਹਾੜ੍ਹੀ ਦੀਆਂ ਜ਼ਿਆਦਾਤਰ ਫ਼ਸਲਾਂ ਦਾ ਉਤਪਾਦਕਤਾ ਦਾ ਪੱਧਰ ਘੱਟ ਹੈ। "ਭਾਰਤ ਵਿੱਚ ਹਾੜ੍ਹੀ ਦੀਆਂ ਫਸਲਾਂ ਦੇ ਘੱਟ ਝਾੜ ਦੇ ਪੱਧਰ ਦੇ ਪਿੱਛੇ ਕਾਰਨਾਂ, ਪਰ ਇਹਨਾਂ ਤੱਕ ਸੀਮਿਤ ਨਹੀਂ, ਵਿੱਚ ਸ਼ਾਮਲ ਹਨ ਲੋੜੀਂਦੀਆਂ ਸਿੰਜਾਈ ਸਹੂਲਤਾਂ ਦੀ ਘਾਟ, ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਗਿਰਾਵਟ, ਸਹਾਇਕ ਸੇਵਾਵਾਂ ਦੀ ਘਾਟ ਅਤੇ ਖੇਤੀ ਦੀ ਗੁਜ਼ਾਰਾ ਪ੍ਰਕਿਰਤੀ। ਆਯਾਤ ਨਿਰਭਰਤਾ ਨੂੰ ਘਟਾਉਣ ਅਤੇ ਸਾਡੀ ਵਧ ਰਹੀ ਆਬਾਦੀ ਲਈ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੈਦਾਵਾਰ ਦੇ ਪੱਧਰ ਨੂੰ ਵਧਾਉਣ ਦੀ ਬਹੁਤ ਸੰਭਾਵਨਾ ਹੈ," ਕਮਿਸ਼ਨ ਨੇ ਆਪਣੀ 2023-24 ਦੀ ਹਾੜ੍ਹੀ ਮੁੱਲ ਨੀਤੀ ਵਿੱਚ ਟਿੱਪਣੀ ਕੀਤੀ।

ਸੀ ਏ ਸੀ ਪੀ ਨੇ ਸਿਫ਼ਾਰਸ਼ ਕੀਤੀ ਹੈ ਕਿ ਲੋੜੀਂਦੀਆਂ ਸਿੰਜਾਈ ਸਹੂਲਤਾਂ ਦੇ ਨਾਲ, ਮਿਆਰੀ ਬੀਜਾਂ, ਪੌਸ਼ਟਿਕ ਤੱਤਾਂ ਅਤੇ ਪੌਦ ਸਮੱਗਰੀ ਦੀ ਸਮੇਂ ਸਿਰ ਪੂਰਤੀ; ਮਸ਼ੀਨੀਕਰਨ; ਸਰੋਤਾਂ ਦੀ ਢੁੱਕਵੀਂ ਵਰਤੋਂ ਅਤੇ ਕੁਸ਼ਲ ਪ੍ਰਬੰਧਨ ਅਭਿਆਸਾਂ ਨੂੰ ਅਪਣਾਉਣ ਨਾਲ ਆਉਣ ਵਾਲੇ ਸਮੇਂ ਵਿੱਚ ਪੈਦਾਵਾਰ ਦੇ ਪੱਧਰ ਵਿੱਚ ਸੁਧਾਰ ਦੇਖਿਆ ਜਾ ਸਕਦਾ ਹੈ।

"ਅਖੀਰ ਇਹ ਭਾਰਤ ਨੂੰ ਦੁਨੀਆ ਦੇ ਖੇਤੀਬਾੜੀ ਦੇ ਨਕਸ਼ੇ 'ਤੇ ਉੱਚੇ ਮੁਕਾਮ 'ਤੇ ਪਹੁੰਚਾਉਣ ਵਿੱਚ ਮਦਦ ਕਰੇਗਾ," ਕਮਿਸ਼ਨ ਨੇ ਕਿਹਾ।

## ਮੁੱਖ ਹਾੜ੍ਹੀ ਦੀਆਂ ਫ਼ਸਲਾਂ (2020) ਦੇ ਝਾੜ ਦੀ ਅੰਤਰਰਾਸ਼ਟਰੀ ਤੁਲਨਾ (ਕਿਲੋ ਪ੍ਰਤੀ ਹੈਕਟੇਅਰ ਵਿੱਚ)

<table>
<tr><th>ਫ਼ਸਲ</th><th>ਦੁਨੀਆ ਦੀ ਔਸਤ</th><th>ਦੁਨੀਆ ਦਾ ਸਭ ਤੋਂ ਵੱਧ ਝਾੜ</th><th>ਕੁੱਲ ਭਾਰਤ ਔਸਤ ਝਾੜ</th><th>ਭਾਰਤ ਵਿੱਚ ਸਭ ਤੋਂ ਵੱਧ ਝਾੜ</th></tr>
<tr><td>ਕਣਕ</td><td>3,474</td><td>ਜਰਮਨੀ 7,819.5 *(2.91%)</td><td>3,431.1 (14.14%) **{43.88%}</td><td>ਪੰਜਾਬ 4,868 {62.55%}</td></tr>
<tr><td>ਜੌਂ</td><td>3,043</td><td>ਜਰਮਨੀ 6,459.1 (6.86%)</td><td>2,782.8 (1.1%) {43.08%}</td><td>ਪੰਜਾਬ 3,777 {58.48%}</td></tr>
<tr><td>ਛੋਲੇ</td><td>1,016</td><td>ਇਥੋਪੀਆ 2,072 (3.03%)</td><td>1012 (73.46%) {48.84%}</td><td>ਤੇਲੰਗਾਨਾ 1,667 {80.45%}</td></tr>
<tr><td>ਮਸਰ</td><td>1,305</td><td>ਚੀਨ 2,511.7 (2.51%)</td><td>871.5 (18.05%) {34.7%}</td><td>ਰਾਜਸਥਾਨ 1,332 {53.03%}</td></tr>
<tr><td>ਤੋਰੀਆ</td><td>2,039</td><td>ਜਰਮਨੀ 3,683.1 (4.87%)</td><td rowspan="2">1,216.5 ^ (12.61%) {33.03%}</td><td rowspan="2">ਹਰਿਆਣਾ 2,028 {55.06%}</td></tr>
<tr><td>ਸਰ੍ਹੋਂ ਜਾਂ ਰਾਇਆ</td><td>872</td><td>ਨੇਪਾਲ 1,094.1 (39.61%)</td></tr>
<tr><td>ਕੁਸੰਭਾ</td><td>800</td><td>ਮੈਕਸੀਕੋ 1,721.6 (13.29%)</td><td>514.8 (6.74%) {29.9%}</td><td>ਤੇਲੰਗਾਨਾ 931 {54.08%}</td></tr>
</table>

***ਟਿੱਪਣੀ:*** **ਬਰੈਕਟ ਵਿੱਚ ਅੰਕੜੇ ਫ਼ਸਲ ਦੀ ਕੁੱਲ ਦੁਨੀਆ ਦੀ ਪੈਦਾਵਾਰ ਵਿੱਚ ਦੇਸ਼ ਦਾ ਹਿੱਸਾ ਦਰਸਾਉਂਦੇ ਹਨ*

*** ਪੇਚਦਾਰ ਬਰੈਕਟ ਵਿੱਚ ਅੰਕੜੇ { } ਦੁਨੀਆ ਦੀ ਸਭ ਤੋਂ ਉੱਚੀ ਉਪਜ ਦੇ ਨਾਲ ਪ੍ਰਤੀਸ਼ਤ ਦੀ ਤੁਲਨਾ ਦਰਸਾਉਂਦੇ ਹਨ*

*^ ਤੋਰੀਆ ਲਈ ਕੁੱਲ ਭਾਰਤ ਔਸਤ ਝਾੜ ਹੈ। ਬਰੈਕਟ ਦੇ ਅੰਕੜੇ ਭਾਰਤ ਦੇ ਤੋਰੀਆ ਦੇ ਉਤਪਾਦਨ ਨੂੰ ਦੁਨੀਆ ਦੇ ਤੋਰੀਆ ਉਤਪਾਦਨ ਦੇ ਫ਼ੀਸਦੀ ਦੇ ਰੂਪ ਵਿੱਚ ਦਰਸਾਉਂਦੇ ਹਨ।*

***ਸਰੋਤ:*** 1) *ਵਿਸ਼ਵ ਔਸਤ ਲਈ ਐਫ ਏ ਓ ਐਸ ਟੀ ਏ ਟੀ, ਦੁਨੀਆ ਦੀ ਸਭ ਤੋਂ ਉੱਚੀ ਅਤੇ ਕੁੱਲ ਭਾਰਤੀ ਔਸਤ ਲਈ,*

2) *ਭਾਰਤ ਵਿੱਚ ਸਭ ਤੋਂ ਵੱਧ ਝਾੜ ਵਾਲੇ ਰਾਜ ਲਈ ਅਰਥ ਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ*